ਯੂ.ਐਸ. ਡਿਪਾਰਟਮੈਂਟ ਆਫ਼ ਜਸਟਿਸ
ਸਿਵਿਲ ਰਾਈਟਸ ਡਿਵੀਯਨ

# ਰਾਸ਼ਟਰੀ ਮੂਲ ਦੇ ਆਧਾਰ 'ਤੇ ਵਿਤਕਰੇ ਵਿਰੁਧ ਫ਼ੈਡਰਲ ਸੁਰੱਖਿਆ ਪ੍ਰਬੰਧ



# ਭੂਮਿਕਾ

ਫ਼ੈਡਰਲ ਕਾਨੂੰਨਾਂ ਅਨੁਸਾਰ ਕਿਸੇ ਵਿਅਕਤੀ ਨਾਲ ਉਸਦੇ ਰਾਸ਼ਟਰੀ ਮੂਲ, ਨਸਲ, ਰੰਗ, ਮਜ਼ਖ਼ਬ, ਅਸਮਰਥਾ, ਲਿੰਗ ਅਤੇ ਪਰਿਵਾਰਕ ਦਰਜੇ ਦੇ ਆਧਾਰ 'ਤੇ ਵਿਤਕਰਾ ਕੀਤੇ ਜਾਣ ਦੀ ਮਨਾਹੀ ਹੈ। ਰਾਸ਼ਟਰੀ ਮੂਲ ਦੇ ਆਧਾਰ 'ਤੇ ਵਿਤਕਰੇ ਦੀ ਮਨਾਹੀ ਸੰਬੰਧੀ ਕਾਨੂੰਨਾਂ ਹੇਠ, ਕਿਸੇ ਵਿਅਕਤੀ ਨਾਲ ਉਸ ਦੇ ਜਨਮ ਸਥਾਨ, ਬੰਸ, ਸਭਿਆਚਾਰ ਜਾਂ ਭਾਸ਼ਾ ਕਾਰਨ ਵਿਤਕਰਾ ਕਰਨਾ ਗ਼ੈਰ ਕਾਨੂੰਨੀ ਹੈ। ਇਸ ਦਾ ਮਤਲਬ ਹੈ ਕਿ ਲੋਕਾਂ ਨੂੰ ਬਰਾਬਰ ਦਾ ਮੌਕਾ ਦੇਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਕਿਉਂਕਿ ਉਹ ਜਾਂ ਉਨ੍ਹਾਂ ਦੇ ਪਰਿਵਾਰ ਕਿਸੇ ਹੋਰ ਦੇਸ਼ ਦੇ ਹਨ, ਕਿਉਂਕਿ ਉਨ੍ਹਾਂ ਦਾ ਨਾਂਅ ਜਾਂ ਉਚਾਰਣ-ਢੰਗ ਇਕ ਰਾਸ਼ਟਰੀ ਮੂਲ ਦੇ ਗਰੁਪ ਨਾਲ ਸੰਬੰਧਤ ਹੈ, ਕਿਉਂਕਿ ਉਹ ਇਕ ਰਾਸ਼ਟਰੀ ਮੂਲ ਦੇ ਗਰੁਪ ਨਾਲ ਸੰਬੰਧਤ ਕੁਝ ਰਸਮਾਂ ਰਵਾਜਾਂ ਵਿਚ ਹਿੱਸਾ ਲੈਂਦੇ ਹਨ, ਜਾਂ ਕਿਉਂਕਿ ਉਹ ਇਕ ਵਿਸ਼ੇਸ਼ ਰਾਸ਼ਟਰੀ ਬੰਸ ਦੇ ਲੋਕਾਂ ਨਾਲ ਵਿਆਹ ਕਰਦੇ ਹਨ ਜਾਂ ਉਨ੍ਹਾਂ ਨਾਲ ਸੰਬੰਧਤ ਹਨ।

ਡਿਪਾਰਟਮੈਂਟ ਆਫ਼ ਜਸਟਿਸ ਦੇ ਸਿਵਿਲ ਰਾਈਟਸ ਡਿਵੀਯਨ (Department of Justice's Civil Rights Division) ਨੂੰ ਇਸ ਗੱਲ 'ਤੇ ਚਿੰਤਾ ਹੈ, ਕਿ ਅਮਰੀਕਾ ਵਿਚ ਰਾਸ਼ਟਰੀ ਮੂਲ ਦੇ ਆਧਾਰ 'ਤੇ ਵਿਤਕਰੇ ਦੀ ਕਿਸੇ ਗੱਲ ਦੀ ਇਸ ਕਾਰਨ ਰਿਪੋਰਟ ਹੀ ਨਾ ਕੀਤੀ ਜਾਏ, ਕਿ ਵਿਤਕਰੇ ਦਾ ਸ਼ਿਕਾਰ ਹੋਣ ਵਾਲੇ ਆਪਣੇ ਕਾਨੂੰਨੀ ਅਧਿਕਾਰਾਂ ਤੋਂ ਜਾਣੂ ਹੀ ਨਾ ਹੋਣ ਜਾਂ ਸਰਕਾਰ ਕੋਲ ਸ਼ਿਕਾਇਤ ਕਰਨ ਤੋਂ ਡਰ ਜਾਣ। ਜੇ ਤੁਸੀਂ ਸਮਝਦੇ ਹੋ ਕਿ ਤੁਹਾਡੇ ਨਾਲ ਜਾਂ ਤੁਹਾਡੇ ਕਿਸੇ ਵਾਕਿਫ਼ਕਾਰ ਨਾਲ ਰਾਸ਼ਟਰੀ ਮੂਲ ਦੀ ਬਿਨਾਅ 'ਤੇ ਵਿਤਕਰਾ ਹੋਇਆ ਹੈ, ਅਤੇ ਆਪਣੇ ਕਾਨੂੰਨੀ ਅਧਿਕਾਰਾਂ ਦੀ ਵਰਤੋਂ ਸੰਬੰਧੀ ਵਧੇਰੇ ਜਾਣਕਾਰੀ ਚਾਹੁੰਦੇ ਹੋ, ਤਾਂ ਤੁਹਾਨੂੰ ਇਹ ਬ੍ਰੋਸ਼ਰ ਪੜ੍ਹਨਾ ਚਾਹੀਦਾ ਹੈ।

ਇਸ ਬ੍ਰੋਸ਼ਰ ਵਿਚ ਰਾਸ਼ਟਰੀ ਮੂਲ 'ਤੇ ਆਧਾਰਤ ਵਿਤਕਰੇ ਦੀ ਮਨਾਹੀ ਕਰਨ ਵਾਲੇ ਕਾਨੂੰਨਾਂ ਨੂੰ ਸਪੱਸ਼ਟ ਕੀਤਾ ਗਿਆ ਹੈ ਅਤੇ ਕੁਝ ਮਿਸਾਲਾਂ ਦਿੱਤੀਆਂ ਗਈਆਂ ਹਨ। ਤੁਹਾਨੂੰ ਸਿਵਿਲ ਰਾਈਟਸ ਡਿਵੀਯਨ ਅਤੇ ਉਸ ਦੇ ਸੈਕਸ਼ਨਾਂ ਸੰਬੰਧੀ ਹੋਰ ਸੂਚਨਾ ਇੰਟਰਨੈਟ 'ਤੇ http://www.justice.gov/crt. 'ਤੇ ਮਿਲ ਸਕਦੀ ਹੈ। ਤੁਸੀਂ ਵਿਤਕਰੇ ਦੀਆਂ ਸ਼ਿਕਾਇਤਾਂ ਦੀ ਰਿਪੋਰਟ ਕਰਨ ਲਈ ਹੇਠਾਂ ਦਸੇ ਗਏ ਤਰੀਕੇ ਅਨੁਸਾਰ ਡਿਵੀਯਨ ਨਾਲ ਸੰਪਰਕ ਕਰ ਸਕਦੇ ਹੋ।

## ਆਪਣੇ ਕਾਨੂੰਨੀ ਅਧਿਕਾਰਾਂ ਨੂੰ ਸਮਝੋ

ਡਿਪਾਰਟਮੈਂਟ ਆਫ਼ ਜਸਟਿਸ ਦਾ ਸਿਵਿਲ ਰਾਈਟਸ ਡਿਵੀਯਨ, ਨਿਮਨਲਿਖਿਤ ਖੇਤਰਾਂ ਵਿਚ ਵਿਤਕਰੇ ਦੀ ਮਨਾਹੀ ਬਾਰੇ ਫ਼ੈਡਰਲ ਕਾਨੂੰਨਾਂ ਨੂੰ ਲਾਗੂ ਕਰਦਾ ਹੈ:

ਵਿਦਿਆ
ਰੋਜ਼ਗਾਰ
ਆਵਾਸ
ਕਰਜ਼ਾ ਦੇਣ
ਸਰਬਜਨਕ ਰਿਹਾਇਸ਼
ਕਾਨੂੰਨ ਦੀ ਪਾਲਣਾ/ਪੁਲੀਸ ਵਲੋਂ ਦੁਰਵਰਤਾਰਾ
ਵੋਟਿੰਗ
ਫ਼ੈਡਰਲ ਸਹਾਇਤਾ ਪ੍ਰਾਪਤ ਪ੍ਰੋਗਰਾਮ

ਡਿਵੀਯਨ, ਅਸੱਮਰਥਾ ਦੇ ਆਧਾਰ 'ਤੇ ਵਿਤਕਰੇ ਦੀ ਮਨਾਹੀ ਕਰਨ ਵਾਲੇ ਕਾਨੂੰਨ ਵੀ ਲਾਗੂ ਕਰਦਾ ਹੈ, ਉਨ੍ਹਾਂ ਲੋਕਾਂ ਦੇ ਸਿਵਿਲ ਅਧਿਕਾਰਾਂ ਦੀ ਹਿਫ਼ਾਜ਼ਤ ਕਰਦਾ ਹੈ, ਜੋ ਕਿਸੇ ਸਟੇਟ ਜਾਂ ਸਥਾਨਕ ਸੰਸਥਾਵਾਂ ਵਿਚ ਹਨ, ਅਤੇ ਉਨ੍ਹਾਂ ਜੁਰਮਾਂ ਲਈ ਮੁਕਦਮੇ ਚਲਾਉਂਦਾ ਹੈ, ਜੋ ਉਨ੍ਹਾਂ ਦੇ ਸ਼ਿਕਾਰ ਹੋਏ ਵਿਅਕਤੀਆਂ ਦੀ ਨਸਲ, ਰੰਗ ਜਾਂ ਰਾਸ਼ਟਰੀ ਮੂਲ ਤੋਂ ਉਤੇਜਿਤ ਹੋ ਕੇ ਕੀਤੇ ਗਏ ਹੋਣ।

ਕੁਝ ਹਾਲਤਾਂ ਵਿਚ ਡਿਵੀਯਨ ਸਿਰਫ਼ ਉਦੋਂ ਹੀ ਕਾਰਵਾਈ ਕਰਦਾ ਹੈ, ਜਦੋਂ ਵਿਤਕਰੇ ਦਾ ਇਕ ''ਢੰਗ ਜਾਂ ਵਿਹਾਰ'' ਹੋਏ। ''ਢੰਗ ਜਾਂ ਵਿਹਾਰ'' ਤੋਂ ਆਮ ਕਰਕੇ ਭਾਵ ਵਿਤਕਰੇ ਦੀਆਂ ਇਕ ਤੋਂ ਵੱਧ ਵਾਰਦਾਤਾਂ ਹੋਣਾ, ਅਤੇ ਵਿਤਕਰੇ ਵਾਲੀ ਨੀਤੀ ਜਾਂ ਵਿਤਕਰੇ ਵਾਲੇ ਵਿਹਾਰ ਨੂੰ ਦੁਹਰਾਇਆ ਜਾਣਾ ਹੈ।

## ਸਿਵਿਲ ਅਧਿਕਾਰਾਂ ਦੀਆਂ ਮੁਜਰਮਾਨਾ ਖ਼ਿਲਾਫ਼ਵਰਜ਼ੀਆਂ

** ਦੱਖਣ ਏਸ਼ੀਆਈ ਬੰਸ (South Asian descent) ਦੇ ਇਕ ਨੌਜੁਆਨ 'ਤੇ ਇਕ ਨਾਈਟ ਕਲੱਬ ਵਿਚ ਇਕ ਸੰਗੀਤ-ਸਮਾਰੋਹ 'ਚੋਂ ਬਾਹਰ ਆਉਣ 'ਤੇ ਹਮਲਾ ਕੀਤਾ ਜਾਂਦਾ ਹੈ। ਹਮਲਾਵਰ, ਜੋ ਕਿ ਇਕ ਸਕਿਨਹੈਡ (skinhead) ਗਰੁਪ ਦਾ ਮੈਂਬਰ ਹੈ ਕਲਬ ਦੀ ਪਾਰਕਿੰਗ ਵਾਲੀ ਥਾਂ 'ਤੇ ਉਸ ਨੌਜਵਾਨ ਨੂੰ ਮੰਦੇ ਬੋਲ ਬੋਲਦਿਆਂ ਮੁਕੱਿਆਂ ਅਤੇ ਪਾਈਪ ਨਾਲ ਮਾਰ-ਮਾਰ ਕੇ ਬੇਹੋਸ਼ ਕਰ ਦਿੰਦਾ ਹੈ।*

** ਕੂ ਕਲਕੱਸ ਕਲੈਨ (Ku Klux Klan) ਦੀ ਮੀਟੰਗ ਵਿਚ, ਕਲੈਨ ਦਾ ਇਕ ਮੈਂਬਰ ਆਪਣੇ ਸਾਥੀਆਂ ਨੂੰ ਕਹਿੰਦਾ ਹੈ ਕਿ ਮੈਕਸੀਕਨਾਂ (Mexicans) ਅਤੇ ਪਿਓਰਟੋ ਰੀਕੋਨਾਂ (Puerto Ricans) ਨੂੰ ''ਵਾਪਸ ਉਥੇ ਹੀ ਚਲੇ ਜਾਣਾ ਚਾਹੀਦਾ ਹੈ, ਜਿਥੋਂ ਉਹ ਆਏ ਹਨ''। ਉਹ ਇਕ ਹਿਸਪੈਨਿਕ ਜੋੜੇ ਦੇ ਘਰ ਦੇ ਸਾਮਞਣੇ ਵਾਲੀ ਥਾਂ 'ਤੇ ਕ੍ਰਾਸ (ਈਸਾਈ ਮੱਤ ਦਾ ਧਾਰਮਿਕ ਚਿੰਨ੍ਹ) ਸਾੜਦੇ ਹਨ, ਤਾਂ ਜੋ ਉਹ ਜੋੜਾ ਡਰਕੇ ਉਹ ਥਾਂ ਛੱਡ ਕੇ ਚਲਾ ਜਾਏ।ਕ੍ਰਾਸ ਸਾੜਨ ਤੋਂ ਪਹਿਲਾਂ ਉਹ ਇਕ ਪਸਤੌਲ ਵਿਖਾਉਂਦਾ ਹੈ, ਅਤੇ ਇਕ ਪਸਤੌਲ ਆਪਣੇ ਇਕ ਮਿਤਰ ਨੂੰ ਦੇ ਦਿੰਦਾ ਹੈ, ਤਾਂ ਜੋ ਦੂਜੀ ਧਿਰ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਨਾ ਕਰੇ।*

** ਇਕ ਅਮਰੀਕਨ ਕੰਪਨੀ ਇਕ ਛੋਟੇ ਜਹੇ ਮੈਕਸੀਕਨ ਕਸਬੇ ਵਿਚ ਕਿਰਤੀਆਂ ਨੂੰ ਚੰਗੀ ਨੌਕਰੀ ਅਤੇ ਵੱਡੀ ਤਨਖ਼ਾਹ ਦਾ ਵਚਨ ਦੇ ਕੇ ਭਰਤੀ ਕਰਦੀ ਹੈ। ਕੰਪਨੀ ਇਹਨਾਂ ਮੈਕਸੀਕਨਾਂ ਨੂੰ ਇਕ ਖ਼ਾਲੀ ਟੈਂਕਰ ਟਰੱਕ ਵਿਚ ਲੁਕਾ ਕੇ ਚੋਰੀ-ਛਿਪੇ ਅਮਰੀਕਾ ਲੈ ਆਂਦੀ ਹੈ। ਅਖ਼ੀਰ ਅਮਰੀਕਾ ਪਹੁੰਚਣ 'ਤੇ ਕਿਰਤੀਆਂ ਨੂੰ ਧਮਕਾਇਆ ਜਾਂਦਾ ਹੈ, ਕਿ ਜੇ ਉਹ ਫ਼ੈਕਟਰੀ 'ਚੋਂ ਜਾਣ ਦੀ ਕੋਸ਼ਿਸ ਕਰਨਗੇ ਤਾਂ ਉਨ੍ਹਾਂ ਨੂੰ ਮਾਰ ਦਿੱਤਾ ਜਾਏਗਾ।*

ਇਹ ਉਦਾਹਰਨ ਸਿਵਿਲ ਅਧਿਕਾਰਾਂ ਦੀਆਂ ਮੁਜਰਮਾਨਾ ਖ਼ਿਲਾਫ਼ਵਰਜ਼ੀਆ ਪੇਸ਼ ਕਰ ਸਕਦੇ ਹਨ। ਸਿਵਿਲ ਰਾਈਟਸ ਡਿਵੀਯਨ ਦਾ ਕਰਿਮੀਨਲ ਸੈਕਸ਼ਨ ਉਨ੍ਹਾਂ ਲੋਕਾਂ 'ਤੇ ਮੁਕੱਦਮੇ ਚਲਾਉਂਦਾ ਹੈ ਜਿਨ੍ਹਾਂ 'ਤੇ ਕਿਸੇ ਵਿਅਕਤੀ ਦੇ ਰਾਸ਼ਟਰੀ ਮੂਲ ਦੇ ਆਧਾਰ 'ਤੇ, ਉਸ ਦੇ ਅਧਿਕਾਰਾਂ ਦੀ, ਜਿਨ੍ਹਾਂ ਦੀ ਕਿ ਫ਼ੈਡਰਲ ਸਰਕਾਰ ਹਿਫ਼ਾਜ਼ਤ ਕਰਦੀ ਹੈ, ਖ਼ਿਲਾਫ਼ਵਰਜ਼ੀ ਕਰਨ ਅਤੇ ਇਸ ਸੰਬੰਧ ਵਿਚ ਤਾਕਤ ਜਾਂ ਹਿੰਸਾ ਦੀ ਵਰਤੋਂ ਕਰਨ ਦਾ ਦੋਸ਼ ਹੁੰਦਾ ਹੈ। ਇਹ ਅਧਿਕਾਰ, ਆਵਾਸ, ਰੋਜ਼ਗਾਰ, ਵਿਦਿਆ ਜਾ ਜਨਤਕ ਸਹੂਲਤਾਂ ਦੀ ਵਰਤੋਂ ਨਾਲ ਸੰਬੰਧਤ ਹਨ। ਤੁਸੀਂ ਕਰਿਮੀਨਲ ਸੈਕਸ਼ਨ ਨੂੰ (202) 514-3204 'ਤੇ ਫ਼ੋਨ ਕਰ ਸਕਦੇ ਹੋ, ਜਾਂ ਇਸ ਪਤੇ 'ਤੇ ਲਿਖ ਸਕਦੇ ਹੋਯ

U.S. Department of Justice
Civil Rights Division
Criminal Section, PHB
950 Pannsylvania Ave, NW
Washington, DC 20530

## ਅਸਮਰਥਾ ਸੰਬੰਧੀ ਅਧਿਕਾਰ

** ਇਕ HMO ਵਲੋਂ, ਜੋ ਮੈਡਿਕੇਡ (Medicaid) ਮਰੀਜ਼ਾਂ ਦੇ ਨਾਂਅ ਦਰਜ ਕਰਦਾ ਹੈ, ਦਿਮਾਗ਼ੀ ਪੈਲਸੀ ਵਾਲੀ ਇਕ ਮੈਕਸੀਕਨ ਅਮਰੀਕਨ ਇਸਤਰੀ ਨੂੰ ਅਪਾਇੰਟਮੈਂਟ ਲਈ ਫਿਰ ਕਿਸੇ ਦਿਨ ਆਉਣ ਲਈ ਕਿਹਾ ਜਾਂਦਾ ਹੈ, ਜਦ ਕਿ ਹੋਰਨਾਂ ਨੂੰ ਫ਼ੌਰਨ ਸਹਾਇਤਾ ਦਿੱਤੀ ਜਾਂਦੀ ਹੈ।*

ਇਹ ਮਿਸਾਲ, ਅਸਰਮਥਾ ਕਾਰਨ ਵਿਤਕਰੇ ਦੀ ਮਨਾਹੀ ਬਾਰੇ ਫ਼ੈਡਰਲ ਕਾਨੂੰਨਾਂ ਅਤੇ ਰਾਸ਼ਟਰੀ ਮੂਲ ਦੇ ਆਧਾਰ 'ਤੇ ਵਿਤਕਰੇ ਦੀ ਮਨਾਹੀ ਦੇ ਕਾਨੂੰਨਾਂ ਦੀ ਉਲੰਘਣਾ ਦੀ ਹੋ ਸਕਦੀ ਹੈ। ਜੇ ਤੁਸੀਂ ਸਮਝਦੇ ਹੋ ਕਿ ਤੁਹਾਡੇ ਨਾਲ ਅਸਮਰਥਾ ਕਾਰਨ ਵਿਤਕਰਾ ਕੀਤਾ ਗਿਆ ਹੈ, ਤਾਂ ਤੁਸੀਂ ਡਿਸਏਬਿਲਿਟੀ ਰਾਈਟਸ ਸੈਕਸ਼ਨ ਨਾਲ (800) 514-0301 (ਆਵਾਜ਼) ਜਾਂ (800) 514-0383 (TTY) 'ਤੇ ਸੰਪਰਕ ਜਾਂ ada.complaint@usdoj.gov ਤੇ ਈਮੇਲ ਕਰ ਸਕਦੇ ਹੋ। ਤੁਸੀਂ ਇਸ ਪਤੇ 'ਤੇ ਲਿਖ ਵੀ ਸਕਦੇ ਹੋ ਯ

U.S. Department of Justice
Civil Rights Division
Disability Rights Section, NYA
950 Pennsylvania Avenue, NW
Washington, D.C. 20530

## ਵਿਦਿਆ

** ਇਕ ਛੋਟੀ ਲੜਕੀ ਨੂੰ ਅੰਗਰੇਜ਼ੀ ਬੋਲਣ ਵਿਚ ਮੁਸ਼ਕਲ ਪੇਸ਼ ਆਉਂਦੀ ਹੈ, ਪਰ ਉਸ ਦਾ ਸਕੂਲ, ਉਸ ਨੂੰ ਅੰਗਰੇਜ਼ੀ ਅਤੇ ਹੋਰ ਮਜ਼ਮੂਨ ਪੜਖ਼ਨ ਵਿਚ ਜ਼ਰੂਰੀ ਸਹਾਇਤਾ ਮੁਹੱਈਆ ਨਹੀਂ ਕਰਦਾ।*

** ਹੇਇਤੀਆਂ (Haitian) ਦੀ ਬਹੁ-ਗਿਣਤੀ ਵਾਲੇ ਇਕ ਸਕੂਲ ਵਿਚ ਆਨਰਜ਼ ਦੀਆਂ ਕਲਾਸਾਂ ਦਾ ਪ੍ਰਬੰਧ ਨਹੀਂ ਹੈ। ਪਰ ਡਿਸਟ੍ਰਿਕਟ ਦੇ ਹੋਰ ਸਕੂਲਾਂ ਵਿਚ, ਜਿਨ੍ਹਾਂ ਵਿਚ ਬਹੁਤੇ ਹੇਇਤੀਅਨ ਵਿਦਿਆਰਥੀ ਨਹੀਂ ਹਨ, ਆਨਰਜ਼ ਅਤੇ ਅਡਵਾਂਸਡ ਪਲੇਸਮੈਂਟ (advanced placement) ਕੋਰਸ ਦੋਵੇਂ ਹੀ ਹਨ।*

** ਸਕੂਲ ਅਧਿਕਾਰਿਆ ਨੇ ਏਸ਼ੀਆਈ ਅਮਰੀਕਨ ਵਿਦਿਆਰਥੀਆਂ ਨਾਲ ਸਾਥੀ ਵਿਦਿਆਰਥਿਆਂ ਦੁਆਰਾ ਲਗਾਤਾਰ ਮੌਖਿਕ ਅਤੇ ਸ਼ਰੀਰਕ ਉਤਪੀੜਨ ਕਰਨ ਦੀ ਸ਼ਿਕਾਅਤ ਦਾ ਕੋਈ ਜਵਾਬ ਨਹੀਂ ਦਿੱਤਾ।*

ਇਹ ਮਿਸਾਲਾਂ ਕਿਸੇ ਵਿਅਕਤੀ ਦੇ ਰਾਸ਼ਟਰੀ ਮੂਲ ਕਾਰਨ ਉਸ ਨਾਲ ਵਿਤਕਰੇ ਦੀ ਮਨਾਹੀ ਬਾਰੇ ਫ਼ੈਡਰਲ ਕਾਨੂੰਨਾਂ ਦੀਆਂ ਉਲੰਘਣਾਵਾਂ ਦੀਆਂ ਹੋ ਸਕਦੀਆਂ ਹਨ। ਡਿਵੀਯਨ ਦਾ ਵਿਦਿਅਕ ਅਵਸਰਾਂ ਬਾਰੇ ਸੈਕਸ਼ਨ ਇਹ ਕਾਨੂੰਨ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਅਤੇ ਪਬਲਿਕ ਕਾਲਜਾਂ ਅਤੇ ਯੂਨੀਵਰਸਟੀਆਂ ਵਿਚ ਲਾਗੂ ਕਰਦਾ ਹੈ। ਵਿਦਿਆ ਸੈਕਸ਼ਨ, ਵਿਦਿਆ ਦੇ ਸਾਰੇ ਪੱਖਾਂ ਵਿਚ ਵਿਤਕਰੇ ਦੀਆਂ ਸ਼ਿਕਾਇਤਾਂ ਨਾਲ ਨਜਿੱਠਦਾ ਹੈ। ਇਹਨਾਂ ਪੱਖਾਂ ਵਿਚ ਸ਼ਾਮਲ ਹਨ - ਵਿਦਿਆਰਥੀਆਂ ਲਈ ਸਕੂਲ ਅਤੇ ਕਲਾਸਾਂ ਨਿਸਚਤ ਕਰਨਾ, ਉਨ੍ਹਾਂ ਲਈ ਟ੍ਰਾਂਸਪੋਰਟ ਦਾ ਪ੍ਰਬੰਧ, ਅਧਿਆਪਕਾਂ ਅਤੇ ਪ੍ਰਬੰਧਕ ਸਟਾਫ਼ ਦੀ ਨਿਯੁਕਤੀ, ਸਕੂਲ ਵਸੀਲਿਆਂ ਦੀ ਵੰਡ, ਅਤੇ ਸੀਮਤ ਅੰਗਰੇਜ਼ੀ ਬੋਲਣ ਵਾਲੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਪੜ੍ਹਨ ਵਿਚ ਮਦਦ ਦੇਣ ਵਾਲੇ ਵਿਦਿਅਕ ਪ੍ਰੋਗਰਾਮਾਂ ਦਾ ਪ੍ਰਬੰਧ।

ਸ਼ਿਕਾਇਤ ਦਰਜ ਕਰਾਉਣ ਲਈ ਜਾਂ ਹੋਰ ਸੂਚਨਾ ਲਈ ਸੈਕਸ਼ਨ ਦੀ ਵੈਬਸਾਈਟ www.justice.gov/crt/edo/ ਜਾਂ ਤੁਸੀ ਸਿੱਧਾ (202) 514-4092 ਜਾਂ (877) 292-3804 'ਤੇ ਫ਼ੋਨ ਕਰੋ ਜਾਂ ਇਸ ਤੇ ਇਮੇਲ education@usdoj.gov ਕਰੋ। ਤੁਸੀਂ ਇਸ ਪਤੇ 'ਤੇ ਲਿਖ ਵੀ ਸਕਦੇ ਹੋ ਯ

U.S. Department of Justice
Civil Rights Division
Educational Opportunities Section, PHB
950 Pennsylvania Avenue, NW
Washington, D.C. 20530

## ਰੋਜ਼ਗਾਰ

** ਇਕ ਟ੍ਰਾਂਜ਼ਿਟ (Transit) ਕਰਮਚਾਰੀ ਦਾ ਸੁਪਰਵਾਈਜ਼ਰ ਅਕਸਰ ਉਸ ਦੀ ਨਸਲ ਸੰਬੰਧੀ ਕੁਬੋਲ ਬੋਲਦਾ ਹੈ। ਕਿਉਂਕਿ ਉਸ ਦਾ ਪਰਿਵਾਰ ਈਰਾਨ ਤੋਂ ਹੈ। ਪਿਛਲੇ ਹਫ਼ਤੇ ਬਾਸ ਨੇ ਬੁਲਿਟਨ ਬੋਰਡ 'ਤੇ ਇਕ ਮਨਘੜਤ ਨੋਟ ਲਾ ਦਿੱਤਾ, ਜਿਸ ਵਿਚ ਕਿਹਾ ਗਿਆ ਸੀ ਕਿ ਕੋਈ ਇਸ ਕਰਮਚਾਰੀ 'ਤੇ ਭਰੋਸਾ ਨਾ ਕਰੇ, ਕਿਉਂਕਿ ਉਹ ਆਤੰਕਵਾਦੀ ਹੈ।*

** ਰੂਸ ਦੀ ਉਤਪਰਵਾਸੀ ਇਕ ਇਸਤਰੀ ਅਕਾਉਂਟੈਂਟ ਦੀ ਨੌਕਰੀ ਲਈ ਅਰਜ਼ੀ ਦਿੰਦੀ ਹੈ।ਰੋਜ਼ਗਾਰਦਾਤਾ ਉਹਦੀ ਅਰਜ਼ੀ ਇਸ ਕਰਕੇ ਨਾਮਨਜ਼ੂਰ ਕਰ ਦਿੰਦਾ ਹੈ, ਕਿ ਉਸ ਦਾ ਉਚਾਰਣ ਢੰਗ ਇਕ ਖ਼ਾਸ ਤਰਖ਼ਾਂ ਦਾ ਹੈ, ਹਾਲਾਂਕਿ ਉਹ ਇਸ ਨੌਕਰੀ ਦੇ ਯੋਗ ਹੈ।*

** ਖਾਧ ਪਦਾਰਥਾਂ ਨੂੰ ਡੱਬੇ ਬੰਦ ਕਰਨ ਵਾਲੀ ਇਕ ਕੰਪਨੀ, ਦਿਖ ਜਾਂ ਬੋਲਣ ਢੰਗ ਤੋਂ ਵਿਦੇਸ਼ੀ ਲਗਣ ਵਾਲੇ ਬਿਨੇਕਾਰਾਂ ਨੂੰ ਰੋਜ਼ਗਾਰ ਲਈ ਅਰਜ਼ੀ ਦਾ ਫ਼ਾਰਮ ਭਰਨ ਤੋਂ ਪਹਿਲਾਂ ਕੰਮ ਕਰਨ ਦੀ ਆਗਿਆ ਬਾਰੇ ਜ਼ਰੂਰੀ ਤੌਰ ਤੇ ਦਸਤਾਵੇਜ਼ ਵਿਖਾਉਣ ਲਈ ਕਹਿੰਦੀ ਹੈ, ਜਦ ਕਿ ਕਾਕੇਸ਼ੀਅਨ ਬਿਨੇਕਾਰਾਂ ਲਈ ਨੌਕਰੀ ਲਈ ਅਰਜ਼ੀ ਦਾ ਫ਼ਾਰਮ ਭਰਨ ਤੋਂ ਪਹਿਲਾਂ ਕੋਈ ਦਸਤਾਵੇਜ਼ ਵਿਖਾਉਣਾ ਜ਼ਰੂਰੀ ਨਹੀਂ। ਨਾਲੇ ਅਜਿਹੇ ਮੁਲਾਜ਼ਮਾਂ ਦੇ ਦਸਤਾਵੇਜ਼ ਬੜੀ ਬਾਰੀਕੀ ਨਾਲ ਘੋਖੇ ਜਾਂਦੇ ਹਨ, ਅਤੇ ਅਕਸਰ ਉਨ੍ਹਾਂ ਦੇ ਕਾਗਜ਼ ਰਦ ਕਰ ਦਿੱਤੇ ਜਾਂਦੇ ਹਨ, ਜਦ ਕਿ ਉਥੋਂ ਦੇ ਜੰਮ-ਪਲ ਕਾਕੇਸ਼ੀਅਨ ਮੁਲਾਜ਼ਮਾਂ ਦੇ ਅਜਿਹੇ ਦਸਤਾਵੇਜ਼ਾਂ ਦੇ ਕੇਸ ਵਿਚ ਅਜਿਹਾ ਨਹੀਂ ਕੀਤਾ ਜਾਂਦਾ।*

ਇਹ ਮਿਸਾਲਾਂ ਉਨ੍ਹਾਂ ਕਾਨੂੰਨਾਂ ਦੀਆਂ ਉਲੰਘਣਾਵਾਂ ਦੀਆਂ ਹੋ ਸਕਦੀਆਂ ਹਨ, ਜਿਨ੍ਹਾਂ ਦੇ ਤਹਿਤ ਕਿਸੇ ਮੁਲਾਜ਼ਮ ਜਾਂ ਨੌਕਰੀ ਲਈ ਅਰਜ਼ੀ ਦੇਣ ਵਾਲੇ ਨਾਲ ਉਸ ਦੇ ਰਾਸ਼ਟਰੀ ਮੂਲ ਦੇ ਆਧਾਰ 'ਤੇ ਵਿਤਕਰਾ ਕਰਨ ਦੀ ਮਨਾਹੀ ਹੈ। ਇਸ ਦਾ ਮਤਲਬ ਹੈ ਕਿ ਰੋਜ਼ਾਗਾਰਦਾਤਾ ਕਿਸੇ ਵਿਅਕਤੀ ਨੂੰ ਉਸ ਦੇ ਰਾਸ਼ਟਰੀ ਮੂਲ ਕਾਰਨ ਜਕੜ, ਤੰਗ ਪਰੇਸ਼ਾਨ ਅਤੇ ਬਰਤਰਫ਼ ਨਹੀਂ ਕਰ ਸਕਦਾ, ਨੌਕਰੀ ਦੇਣ ਜਾਂ ਤਰੱਕੀ ਦੇਣ ਤੋਂ ਇਨਕਾਰ ਨਹੀਂ ਕਰ ਸਕਦਾ।

ਜੇ ਤੁਸੀਂ ਸਮਝਦੇ ਹੋ ਕਿ ਕਿਸੇ ਰੋਜ਼ਗਾਰਦਾਤਾ, ਕਿਰਤੀ ਸੰਸਥਾ ਜਾਂ ਰੋਜ਼ਗਾਰ ਏਜੰਸੀ ਨੇ ਤੁਹਾਡੇ ਨਾਲ, ਤੁਹਾਡੇ ਰਾਸ਼ਟਰੀ ਮੂਲ ਕਾਰਨ ਵਿਤਕਰਾ ਕੀਤਾ ਹੈ, ਤਾਂ ਸੰਪਰਕ ਕਰੋ :

ਇਕੁਅਲ ਇਮਪਲਾਇਮੈਂਟ ਅਪਰਚੂਨਿਟੀ ਕਮਿਸ਼ਨ
(Equal Employment Opportunity Commission)
(800) 669-4000
(*15 ਜਾਂ ਇਸ ਤੋਂ ਵੱਧ ਮੁਲਾਜ਼ਮ ਰੱਖਣ ਵਾਲੇ ਰੋਜ਼ਗਾਰਦਾਤਾ*)

ਆਫ਼ਿਸ ਆਫ਼ ਸਪੈਸ਼ਲ ਕੌਂਸਲ
(Office of Special Counsel)
(800) 255-7688

U.S. Department of Justice
Civil Rights Division
Office of Special Counsel for Immigration-Related Unfair Employment Practices, NYA
950 Pennsylvania Ave NW
Washington, DC 20530

osccrt@usdoj.gov
*(4 ਤੋਂ 14 ਤਕ ਮੁਲਾਜ਼ਮ ਰੱਖਣ ਵਾਲੇ ਰੋਜ਼ਗਾਰਦਾਤਾ)*

ਇਮਪਲਾਇਮੈਂਟ ਲਿਟੀਗੇਸ਼ਨ ਸੈਕਸ਼ਨ
(Employment Litigation Section)
(202) 514-3831

U.S. Department of Justice
Civil Rights Division
Employment Litigation Section, PHB
950 Pennsylvania Ave NW,
Washington, DC 20530
*(ਸਟੇਟ ਜਾਂ ਸਥਾਨਕ ਸਰਕਾਰ ਰੋਜ਼ਗਾਰਦਾਤਾ ਜੋ ਇਕ ਖ਼ਾਸ ਢੰਗ ਨਾਲ ਗੈਰਕਾਨੂੰਨੀ ਵਿਤਕਰਾ ਕਰਦੀ ਹੋਏ, ਜਾਂ ਅਜਿਹਾ ਕਰਨਾ ਜਿਸ ਦਾ ਦਸਤੂਰ ਹੋਏ)*

ਇਸ ਤੋਂ ਇਲਾਵਾ ਕੋਈ ਰੋਜ਼ਗਾਰਦਾਤਾ ਸਿਰਫ਼ ਕੁਝ ਖ਼ਾਸ ਰਾਸ਼ਟਰੀ ਮੂਲ ਦੇ ਬਿਨੇਕਾਰਾਂ ਕੋਲੋਂ, ਕੰਮ ਕਰਨ ਦੀ ਆਗਿਆ ਬਾਰੇ ਖ਼ਾਸ ਦਸਤਾਵੇਜ਼ਾਂ ਜਿਵੇਂ ਕਿ ਗ੍ਰੀਨ ਕਾਰਡ ਦੀ ਮੰਗ ਕਰਕੇ ਜਾਂ ਇਹਨਾਂ ਨੂੰ ਰੱਦ ਕਰਕੇ ਫ਼ੈਡਰਲ ਕਾਨੂੰਨ ਦੀ ਖਿਲਾਫ਼ਵਰਜ਼ੀ ਕਰ ਸਕਦਾ ਹੈ। ਹੋਰ ਸੂਚਨਾ ਲਈ ਜਾਂ ਦੋਸ਼ ਲਾਉਣ ਲਈ ਡਿਵੀਯਨ ਦੇ ਆਫ਼ਿਸ ਆਫ਼ ਸਪੈਸ਼ਲ ਕੌਂਸਲ ਨਾਲ ਉੱਪਰ ਦਿੱਤੇ ਪਤੇ 'ਤੇ ਜਾਂ ਕਰ ਮੁਕਤ ਫ਼ੋਨ ਨੰਬਰ 'ਤੇ ਸੰਪਰਕ ਕਰੋ।

## ਆਵਾਸ

** ਇਕ ਹਵਾਈਅਨ ਮੂਲ ਦਾ ਪਰਿਵਾਰ ਇਕ ਅਪਾਰਟਮੈਂਟ ਦੀ ਭਾਲ ਵਿਚ ਹੈ। ਮਕਾਨ ਕਿਰਾਏ 'ਤੇ ਲੈ ਕੇ ਦੇਣ ਵਾਲਾ ਏਜੰਟ ਉਨ੍ਹਾਂ ਨੂੰ ਕਹਿੰਦਾ ਹੈ ਕਿ ਕੋਈ ਅਪਾਰਟਮੈਂਟ ਉਪਲਬਧ ਨਹੀਂ ਹੈ, ਭਾਵੇਂ ਕਿ ਅਪਾਰਟਮੈਂਟ ਉਪਲਬਧ ਹਨ ਅਤੇ ਗੋਰੇ ਲੋਕਾਂ ਨੂੰ ਵਿਖਾਏ ਜਾ ਰਹੇ ਹਨ।*

** ਅਚੱਲ ਸੰਪਤੀ ਦਾ ਇਕ ਏਜੰਟ ਇਕ ਲੈਟੀਨੋ ਪਰਿਵਾਰ ਨੂੰ ਪ੍ਰਬਲ ਲੈਟੀਨੋਆ ਗੁਆਂਡੀਆਂ ਬਸਤੀਆਂ ਵਿਚ ਸੱਥਿਤ ਮਕਾਨ ਹੀ ਵਿਖਾਉਂਦਾ ਹੈ, ਅਤੇ ਪ੍ਰਬਲ ਗੋਰਿਆਂ ਗੁਆਂਡੀਆਂ ਬਸਤੀਆਂ ਵਿਚ ਮਕਾਨ ਵਿਖਾਉਣ ਤੋਂ ਨਾ ਕਰ ਦਿੰਦਾ ਹੈ।*

ਇਹ ਮਿਸਾਲਾਂ ਫ਼ੈਡਰਲ ਸਰਕਾਰ ਦੇ ਫੇਅਰ ਹਾਊਸਿੰਗ ਐਕਟ (Fair Housing Act) ਦੀਆਂ ਉਲੰਘਣਾਵਾਂ ਹੋ ਸਕਦੀਆਂ ਹਨ। ਇਸ ਕਾਨੂੰਨ ਅਧੀਨ ਰਾਸ਼ਟਰੀ ਮੂਲ, ਨਸਲ, ਰੰਗ, ਲਿੰਗ, ਮਜ਼ਬ, ਅਸਮਰਥਾ ਜਾਂ ਪਰਿਵਾਰਕ ਦਰਜੇ (18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਜੂਦਗੀ) ਦੇ ਆਧਾਰ 'ਤੇ ਆਵਾਸ ਦੇ ਮਾਮਲੇ ਵਿਚ ਵਿਤਕਰੇ ਦੀ ਮਨਾਹੀ ਹੈ। ਵਿਤਕਰੇ ਦੀਆਂ ਵਿਅਕਤੀਗਤ ਸ਼ਿਕਾਇਤਾਂ ਡਿਪਾਰਟਮੈਂਟ ਆਫ਼ ਹਾਊਸਿੰਗ ਐਂਡ ਅਰਬਨ ਡਿਵੈਲਪਮੈਂਟ (Department of Housing and Urban Development - HUD) ਨੂੰ (800) 669-9777 'ਤੇ ਕੀਤੀਆਂ ਜਾ ਸਕਦੀਆਂ ਹਨ। ਜੇ ਤੁਹਾਡੇ ਖ਼ਿਆਲ ਵਿਚ ਇਕ ਨਿਸਚਤ ਢੰਗ ਨਾਲ ਵਿਤਕਰਾ ਕੀਤਾ ਜਾਂਦਾ ਹੈ, ਜਾਂ ਵਿਤਕਰਾ ਕਰਨ ਦਾ ਦਸਤੂਰ ਹੈ, ਤਾਂ ਡਿਵੀਯਨ ਦੇ ਹਾਊਸਿੰਗ ਐਂਡ ਸਿਵਿਲ ਐਨਫ਼ੋਰਸਮੈਂਟ ਸੈਕਸ਼ਨ ਨਾਲ (202) 514-4713 ਜਾਂ (800) 896-7743 'ਤੇ ਸੰਪਰਕ ਜਾਂ fairhousing@usdoj.gov. ਤੇ ਈਮੇਲ ਕਰ ਸਕਦੇ ਹੋ। ਤੁਸੀਂ ਇਸ ਪਤੇ 'ਤੇ ਲਿਖ ਵੀ ਸਕਦੇ ਹੋ ਯ

U.S. Department of Justice
Civil Rights Division
Housing and Civil Enforcement Section, NWB
950 Pennsylvania Avenue, NW
Washington, D.C. 20530

## ਕਰਜ਼ੇ ਦੇਣਾ

** ਇਕ ਲੈਟੀਨੋ ਇਸਤਰੀ ਕੋਲੋਂ ਕਰਜ਼ੇ ਲਈ, ਗੋਰੇ ਮਰਦ ਗਾਹਕਾਂ ਨਾਲੋਂ ਜ਼ਿਆਦਾ ਸੂਦ ਦਰ ਅਤੇ ਵੱਧ ਫ਼ੀਸ ਲਏ ਜਾਂਦੇ ਹਨ, ਭਾਵੇਂ ਕਿ ਉਨ੍ਹਾਂ ਦਾ ਵਿਤੀ ਇਤਿਹਾਸ ਇਕੋ ਜਿਹਾ ਹੈ, ਅਤੇ ਉਹ ਇਕੋ ਕਿਸਮ ਦੇ ਕਰਜ਼ੇ ਲਈ ਬਿਨੇ ਕਰਦੇ ਹਨ।*

ਇਹ ਮਿਸਾਲ, ਕਰਜ਼ਿਆਂ ਦੇ ਸੰਬੰਧ ਵਿਚ, ਰਾਸ਼ਟਰੀ ਮੂਲ, ਨਸਲ, ਰੰਗ, ਲਿੰਗ, ਮਜ਼ਬ, ਅਸਮਰਥਾ ਅਤੇ ਵਿਵਾਹਕ ਦਰਜੇ ਕਾਰਨ ਜਾਂ ਇਸ ਆਧਾਰ 'ਤੇ ਕਿ ਸੰਬੰਧਤ ਵਿਅਕਤੀ ਦੀ ਆਮਦਨ ਦਾ ਵਸੀਲਾ ਸਰਕਾਰੀ ਸਹਾਇਤਾ ਹੈ, ਵਿਤਕਰਾ ਕਰਨ ਦੀ ਮਨਾਹੀ ਸੰਬੰਧੀ ਫ਼ੈਡਰਲ ਕਾਨੂੰਨਾਂ ਦੀ ਉਲੰਘਣਾ ਦੀ ਹੋ ਸਕਦੀ ਹੈ। ਜੇ ਤੁਹਾਡੇ ਖ਼ਿਆਲ ਵਿਚ ਤੁਹਾਨੂੰ ਰਾਸ਼ਟਰੀ ਮੂਲ ਜਾਂ ਹੋਰ ਸੰਬੰਧਤ ਕਾਰਨ ਦੇ ਆਧਾਰ 'ਤੇ ਕਰਜ਼ਾ ਦੇਣ ਤੋਂ ਇਨਕਾਰ ਕੀਤਾ ਗਿਆ ਹੈ, ਤਾਂ ਤੁਸੀਂ ਕਰਜ਼ਾ ਦੇਣ ਵਾਲੇ ਕੋਲੋਂ ਲਿਖਤੀ ਰੂਪ ਵਿਚ ਸਪਸ਼ਟੀਕਰਣ ਮੰਗ ਸਕਦੇ ਹੋ, ਕਿ ਤੁਹਾਡੀ ਅਰਜ਼ੀ ਕਿਉਂ ਨਾਮਨਜ਼ੂਰ ਕੀਤੀ ਗਈ। ਜੇ ਕਰਜ਼ਾ, ਮਕਾਨ ਮਾਰਟਗੇਜ (mortgage) ਲਈ, ਮਕਾਨ ਵਿਚ ਸੁਧਾਰ ਕਰਨ ਲਈ ਜਾਂ ਮਕਾਨ ਨਾਲ ਸੰਬੰਧਤ ਕਿਸੇ ਹੋਰ ਵਜਖ਼ਾ ਕਰਕੇ ਚਾਹੀਦਾ ਹੈ ਤਾਂ ਤੁਸੀਂ ਡਿਪਾਰਟਮੈਂਟ ਆਫ਼ ਹਾਊਸਿੰਗ ਐਂਡ ਅਰਬਨ ਡਿਵੈਲਪਮੈਂਟ (Department of Housing and Urban Development) ਕੋਲ (800) 669-9777 'ਤੇ ਸ਼ਿਕਾਇਤ ਕਰ ਸਕਦੇ ਹੋ। ਜੇ ਕਰਜ਼ਾ ਮਕਾਨ ਨੂੰ ਛਡਕੇ ਕਿਸੇ ਹੋਰ ਮਨੋਰਥ ਲਈ (ਜਿਵੇਂ ਕਾਰ ਵਾਸਤੇ ਕਰਜ਼ਾ) ਚਾਹੀਦਾ ਹੋਏ, ਤਾਂ ਉਸ ਹਾਲਤ ਵਿਚ ਤੁਸੀਂ ਸ਼ਿਕਾਇਤ ਡਿਵੀਯਨ ਦੇ ਹਾਊਸਿੰਗ ਐਂਡ ਸਿਵਿਲ ਐਨਫ਼ੋਰਸਮੈਂਟ ਸੈਕਸ਼ਨ ਜਾਂ ਕਰਜਾ ਦੇਣ ਵਾਲੇ ਦੀ ਨਿਯੰਤ੍ਰਕ ਏਜੰਸੀ ਕੋਲ ਕਰ ਸਕਦੇ ਹੋ। ਜੇ ਤੁਹਾਡਾ ਤਜਰਬਾ ਇਕ ਖ਼ਾਸ ਤਰੀਕੇ ਦੇ ਵਿਤਕਰੇ ਜਾਂ ਵਿਤਕਰੇ ਦੇ ਦਸਤੂਰ ਦਾ ਹਿੱਸਾ ਹੈ, ਤਾਂ ਤੁਸੀਂ ਹਾਊਸਿੰਗ ਐਂਡ ਸਿਵਿਲ ਐਨਫ਼ੋਰਸਮੈਂਟ ਸੈਕਸ਼ਨ ਜਾਂ ਫੈਡਰਲ ਟ੍ਰੇਡ ਕਮੀਸ਼ਨ (Federal Trade Commission) ਨੂੰ (202) 514-4713 ਜਾਂ (800) 896-7743 'ਤੋਂ ਫ਼ੋਨ ਕਰਕੇ ਜਾਂ fairhousing@usdoj.gov, ਤੇ ਈਮੇਲ ਕਰਕੇ ਆਪਣੇ ਅਧਿਕਾਰਾਂ ਜਾਂ ਸ਼ਿਕਾਇਤ ਕਰਨ ਸੰਬੰਧੀ ਹੋਰ ਜਾਣਕਾਰੀ ਹਾਸਲ ਕਰ ਸਕਦੇ ਹੋ। ਤੁਸੀਂ ਇਸ ਪਤੇ 'ਤੇ ਲਿਖ ਵੀ ਸਕਦੇ ਹੋ :

U.S. Department of Justice
Civil Rights Division
Housing and Civil Enforcement Section, NWB
950 Pennsylvania Avenue, NW
Washington, D.C. 20530

## ਜਨਤਕ ਰਿਹਾਇਸ਼ ਦੀਆਂ ਥਾਵਾਂ

** ਇਕ ਰੈਸਟੋਰੈਂਟ ਵਿਚ, ਏਸ਼ੀਆਈ ਅਮਰੀਕਨਾਂ ਦਾ ਇਕ ਗਰੁਪ ਉਸਨੂੰ ਖਾਧ ਪਦਾਰਥ ਪਰੋਸੇ ਜਾਣ ਦੀ ਇਕ ਘੰਟੇ ਤੋਂ ਵਧ ਸਮਾਂ ਉਡੀਕ ਕਰਦਾ ਹੈ ਜਦ ਕਿ ਗੋਰੇ ਅਤੇ ਲੈਟੀਨੋ ਗਾਹਕਾਂ ਨੂੰ ਮੰਗੇ ਗਏ ਪਦਾਰਥ ਝਟਪਟ ਪਰੋਸ ਦਿਤੇ ਜਾਂਦੇ ਹਨ।*

** ਇਕ ਹੋਟਲ ਵਿਚ ਆਉਣ ਵਾਲੇ ਹੇਇਤੀਅਨ ਅਮਰੀਕਨਾਂ ਨੂੰ ਕਿਹਾ ਜਾਂਦਾ ਹੈ ਕਿ ਉਹ ਕ੍ਰੈਡਿਟ ਕਾਰਡ ਦੀ ਥਾਂ ਨਕਦ ਅਦਾਇਗੀ ਕਰਨ, ਅਤੇ ਉਨਾਂ ਕੋਲੋਂ ਹੋਰ ਗਾਹਕਾਂ ਨਾਲੋਂ ਜ਼ਿਆਦਾ ਦਰ ਲਏ ਜਾਂਦੇ ਹਨ, ਅਤੇ ਉਨ੍ਹਾਂ ਨੂੰ ਦੂਜੇ ਗਾਹਕਾਂ ਵਾਲੀਆਂ ਸਹੂਲਤਾਂ ਜਿਵੇਂ ਕਿ ਤੌਲੀਏ ਅਤੇ ਸਾਬਣ ਨਹੀਂ ਦਿਤੇ ਜਾਂਦੇ।*

ਇਹ ਮਿਸਾਲਾਂ ਉਨ੍ਹਾਂ ਫ਼ੈਡਰਲ ਕਾਨੂੰਨਾਂ ਦੀ ਖ਼ਿਲਾਫਵਰਜ਼ੀ ਹੋ ਸਕਦੀਆਂ ਹਨ, ਜਿਨ੍ਹਾਂ ਦੇ ਤਹਿਤ ਜਨਤਕ ਰਿਹਾਇਸ਼ ਦੀਆਂ ਥਾਵਾਂ 'ਤੇ ਰਾਸ਼ਟਰੀ ਮੂਲ, ਨਸਲ, ਰੰਗ, ਜਾਂ ਧਰਮ ਦੇ ਆਧਾਰ 'ਤੇ ਵਿਤਕਰੇ ਦੀ ਮਨਾਹੀ ਹੈ। ਜਨਤਕ ਰਿਹਾਇਸ਼ੀ ਥਾਵਾਂ ਵਿਚ ਹੋਟਲ, ਰੈਸਟੋਰੈਂਟ ਅਤੇ ਮਨੋਰੰਜਨ ਦੇ ਸਥਾਨ ਸ਼ਾਮਲ ਹਨ। ਜੇ ਤੁਸੀਂ ਸਮਝਦੇ ਹੋ ਕਿ ਤੁਹਾਨੂੰ ਕਿਸੇ ਜਨਤਕ ਰਿਹਾਇਸ਼ੀ ਥਾਂ ਤਕ ਪਹੁੰਚ ਜਾਂ ਉਥੇ ਹੋਰਨਾਂ ਦੇ ਬਰਾਬਰ ਆਨੰਦ ਮਾਣਨ ਤੋਂ ਰੋਕਿਆ ਗਿਆ ਹੈ, ਅਤੇ ਉਥੇ ਇਕ ਨਿਸਚਤ ਤਰਖ਼ਾਂ ਦਾ ਵਿਤਕਰਾ ਹੁੰਦਾ ਹੈ, ਜਾਂ ਵਿਤਕਰੇ ਦਾ ਦਸਤੂਰ ਹੈ, ਤਾਂ ਹਾਊਸਿੰਗ ਐਂਡ ਸਿਵਿਲ ਐਨਫ਼ੋਰਸਮੈਂਟ ਸੈਕਸ਼ਨ ਨਾਲ (202) 514-4713 ਜਾਂ (800) 896-7743 'ਤੇ ਸੰਪਰਕ ਜਾਂ fairhousing@usdoj.gov ਤੇ ਈਮੇਲ ਕਰੋ। ਤੁਸੀਂ ਇਸ ਪਤੇ 'ਤੇ ਲਿਖ ਵੀ ਸਕਦੇ ਹੋ ਯ

U.S. Department of Justice
Civil Rights Division
Housing and Civil Enforcement Section, NWB
950 Pennsylvania Avenue, NW
Washington, D.C. 20530

## ਪੁਲੀਸ ਵਲੋਂ ਦੁਰਵਿਹਾਰ

** ਪੁਲੀਸ ਕਰਮਚਾਰੀ, ਲੈਟੀਨੋਆਂ ਵਲੋਂ ਚਲਾਈਆਂ ਜਾਂਦੀਆ ਕਾਰਾਂ ਨੂੰ ਕੁਝ ਟ੍ਰੈਫ਼ਿਕ ਉਲੰਘਣਾਵਾਂ ਕਾਰਨ ਅਕਸਰ ਰੋਕ ਲੈਂਦੇ ਹਨ, ਜਦ ਕਿ ਉਹੋ ਜਹੀਆਂ ਉਲੰਘਣਾਵਾਂ ਬਦਲੇ ਗੋਰੇ ਡਰਾਈਵਰਾਂ ਨੂੰ ਘਟ ਵਧ ਹੀ ਰੋਕਦੇ ਹਨ।*

** ਇਕ ਪੁਲੀਸ ਕਰਮਚਾਰੀ ਸੜਕ 'ਤੇ ਵੀਅਤਨਾਮੀ ਮੂਲ ਦੇ ਇਕ ਆਦਮੀ ਕੋਲੋਂ ਪੁਛਗਿਛ ਕਰਦਿਆਂ ਉਸ ਵੇਲੇ ਗ਼ੁਸੇ ਵਿਚ ਆ ਜਾਂਦਾ ਹੈ, ਜਦੋਂ ਉਹ ਵਿਅਕਤੀ ਅੰਗਰੇਜ਼ੀ ਨਾਂਹ ਬੋਲ ਸਕਣ ਕਰਕੇ, ਉਸਦੇ ਸਵਾਲਾਂ ਦੇ ਜਵਾਬ ਨਹੀਂ ਦੇ ਸਕਦਾ। ਪੁਲੀਸ ਕਰਮਚਾਰੀ ਉਸ ਆਦਮੀ ਨੂੰ ਬੇਨੇਮੇ ਵਿਹਾਰ ਕਾਰਨ ਗ੍ਰਿਫ਼ਤਾਰ ਕਰ ਲੈਂਦਾ ਹੈ।*

ਇਹ ਮਿਸਾਲਾਂ ਅਮਰੀਕਾ ਦੇ ਸੰਵਿਧਾਨ ਦੀ ਬਰਾਬਰ ਦੀ ਹਿਫ਼ਾਜ਼ਤ ਸੰਬੰਧੀ ਧਾਰਾ ਦੀਆਂ ਉਲੰਘਣਾਵਾਂ ਹੋ ਸਕਦੀਆਂ ਹਨ। ਇਹ ਓਮਨੀਬਸ ਕ੍ਰਾਈਮ ਕੰਟਰੋਲ ਐਂਡ ਸੇਫ਼ ਸਟ੍ਰੀਟਸ ਐਕਟ ਆਫ਼ 1968 (Omnibus Crime Control and Safe Streets Act of 1968) ਦੀਆਂ ਉਲੰਘਣਾਵਾਂ ਵੀ ਹੋ ਸਕਦੀਆਂ ਹਨ। ਇਸ ਕਾਨੂੰਨ ਅਧੀਨ ਇਕ ਪੁਲੀਸ ਮਹਿਕਮੇ ਵਲੋਂ, ਜਿਸਨੂੰ ਯੂ.ਐਸ. ਡਿਪਾਰਟਮੈਂਟ ਆਫ਼ ਜਸਟਿਸ ਦੁਆਰਾ ਫ਼ੈਡਰਲ ਫ਼ੰਡ ਮਿਲਦੇ ਹਨ, ਰਾਸ਼ਟਰੀ ਮੂਲ, ਨਸਲ, ਰੰਗ, ਧਰਮ, ਜਾਂ ਲਿੰਗ ਦੇ ਆਧਾਰ 'ਤੇ ਵਿਤਕਰਾ ਕਰਨ ਦੀ ਮਨਾਹੀ ਹੈ। ਇਹ ਸਿਵਿਲ ਰਾਈਟਸ ਐਕਟ ਆਫ਼ 1964 (Civil Rights Act of 1964) ਦੇ ਟਾਈਟਲ VI (Title VI) ਦੀਆਂ ਉਲੰਘਣਾਵਾਂ ਵੀ ਹੋ ਸਕਦੀਆਂ ਹਨ, ਜਿਸ ਹੇਠ ਕਾਨੂੰਨ ਲਾਗੂ ਕਰਨ ਵਾਲੀਆਂ ਉਨ੍ਹਾਂ ਏਜੰਸੀਆਂ ਵਲੋਂ ਵਿਤਕਰਾ ਕਰਨ ਦੀ ਮਨਾਹੀ ਹੈ, ਜਿਨ੍ਹਾਂ ਨੂੰ ਕੋਈ ਫ਼ੈਡਰਲ ਮਾਲੀ ਸਹਾਇਤਾ ਮਿਲਦੀ ਹੈ, ਜਿਸ ਵਿਚ ਜ਼ਬਤ ਕੀਤੀਆਂ ਜਇਦਾਦਾਂ ਦਾ ਮਿਲਣਾ ਵੀ ਸ਼ਾਮਲ ਹੈ। ਇਸ ਵਿੱਚ ਵਾਧੂ ਰਾਜ ਅਤੇ ਸਥਾਨੀ ਕਾਨੂੰਨ ਲਾਗੁ ਕਰਨ ਵਾਲੀਆਂ ਐਜੈਂਸੀਆ ਸ਼ਾਮਲ ਹਨ।

ਵਿਅਕਤੀਗਤ ਵਿਤਕਰੇ ਦੀਆਂ ਸ਼ਿਕਾਇਤਾਂ ਫ਼ੈਡਰਲ ਕੋਆਰਡੀਨੇਸ਼ਨ ਅਤੇ ਸ਼ਿਕਾਇਤ ਸੈਕਸ਼ਨ ਦੇ ਇਸ ਪਤੇ 'ਤੇ ਕੀਤੀਆਂ ਦਾ ਸਕਦੀਆਂ ਹਨ:

U.S. Department of Justice
Civil Rights Division
Federal Coordination and Compliance Section, NWB
950 Pennsylvania Avenue, NW
Washington, D.C. 20530

ਜਾਂ ਫ਼ੈਡਰਲ ਕੋਆਰਡੀਨੇਸ਼ਨ ਐਂਡ ਕੰਪਲਾਇੰਸ ਸੈਕਸ਼ਨ ਨਾਲ (888) 848-5306 ਜਾਂ (202) 307-2678 (TDD)'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਵਿਅਕਤੀਗਤ ਵਿਤਕਰੇ ਦੀਆਂ ਸ਼ਿਕਾਇਤਾਂ ਇਹਨਾਂ ਕੋਲ ਵੀ ਕੀਤੀਆਂ ਜਾ ਸਕਦੀਆਂ ਹਨ - (Office for Civil Rights, Office of Justice Programs, U.S. Department of Justice, Washington, D.C. 20531) ਨਾਲ (202) 307-0690 'ਤੇ ਸੰਪਰਕ ਕਰੋ।

ਵਿਸ਼ੇਸ਼ ਮੁਕਦੱਮਾ ਸੈਕਸ਼ਨ, ਇਹਨਾਂ ਸ਼ਿਕਾਇਤਾਂ ਦੀ ਕਿ ਇਕ ਪੁਲੀਸ ਮਹਿਕਮਾ ਰਾਸ਼ਟਰੀ ਮੂਲ ਦੇ ਆਧਾਰ 'ਤੇ ਇਕ ਨਿਸਚਤ ਤਰੀਕੇ ਨਾਲ ਵਿਤਕਰਾ ਕਰਦਾ ਹੈ, ਜਾਂ ਉਥੇ ਵਿਤਕਰੇ ਦਾ ਦਸਤੂਰ ਹੈ, ਜਾਂਚ ਕਰਦਾ ਹੈ, ਅਤੇ ਮੁਕਦੱਮਾ ਚਲਾਉਂਦਾ ਹੈ। ਸ਼ਿਕਾਇਤ ਦਰਜ ਕਰਾਉਣ ਲਈ ਸਪੈਸ਼ਲ ਲਿਟੀਗੇਸ਼ਨ ਸੈਕਸ਼ਨ ਨਾਲ (202) 514-6255 ਜਾਂ (877) 218-5228 'ਤੇ ਸੰਪਰਕ ਕਰੋ। ਤੁਸੀਂ ਇਸ ਪਤੇ 'ਤੇ ਲਿਖ ਵੀ ਸਕਦੇ ਹੋ ਯ

U.S. Department of Justice
Civil Rights Division
Special Litigation Section, PHB
950 Pennsylvania Avenue, NW
Washington, D.C. 20530

## ਸਰਕਾਰੀ ਸੰਸਥਾਵਾਂ ਵਿਚ ਵਿਅਕਤੀ ਦੇ ਸਿਵਿਲ ਅਧਿਕਾਰ

* *ਇਕ ਜੇਲ੍ਹ ਵਿਚ ਅੰਗਰੇਜ਼ੀ ਨਾ ਬੋਲਣ ਵਾਲੇ ਨਜ਼ਰਬੰਦਾਂ ਲਈ ਅਨੁਸ਼ਾਸਨੀ ਸੁਣਵਾਈ ਦਾ ਅਨੁਵਾਦ ਨਹੀਂ ਕੀਤਾ ਜਾਏਗਾ।*

* *ਇਕ ਸਟੇਟ ਦੇ ਮਨੋ-ਚਿਕਿਤਸਾ ਸੰਬੰਧੀ ਹਸਪਤਾਲ ਵਿਚ ਅੰਗਰੇਜ਼ੀ ਨਾ ਬੋਲਣ ਵਾਲੇ ਲੋਕਾਂ ਨੂੰ ਇਲਾਜ ਮੁਹੱਈਆ ਕਰਾਉਣ ਦਾ ਕੋਈ ਤਰੀਕਾ ਨਹੀਂ।*

ਇਹ ਮਿਸਾਲਾਂ ਅਮਰੀਕਾ ਦੇ ਸੰਵਿਧਾਨ ਦੀ ਬਰਾਬਰ ਦੀ ਸੁੱਰਖਿਆ ਬਾਰੇ ਧਾਰਾ ਦੀਆਂ ਉਲੰਘਣਾਵਾਂ ਹੋ ਸਕਦੀਆਂ ਹਨ। ਵਿਸ਼ੇਸ਼ ਮੁਕਦੱਮਾ ਸੈਕਸ਼ਨ ਸਟੇਟ ਜਾਂ ਸਥਾਨਕ ਸਰਕਾਰੀ ਸੰਸਥਾਵਾਂ ਵਿਚ ਲੋਕਾਂ ਦੇ ਸਿਵਿਲ ਅਧਿਕਾਰਾਂ ਦੀ ਪਾਲਣਾ ਕਰਵਾਉਂਦਾ ਹੈ, ਇਹਨਾਂ ਸੰਸਥਾਵਾਂ ਵਿਚ ਸ਼ਾਮਲ ਹਨ – ਸੁਨਵਾਈ ਤੋਂ ਪਹਿਲਾ ਹਿਰਾਸਤ ਵਿੱਚ ਰਖਣ ਲਈ ਕੇਂਦਰ, ਬਾਲ ਸੁਧਾਰ ਘਰਂ, ਸਾਰਵਜਨਿਕ ਰੂਪ ਤੋਂ ਚਲਾਏ ਜਾ ਰਹੇ ਨਰਸਿੰਗ ਹੋਮ ਅਤੇ ਮਨੋਰੋਗੀ ਜਾਂ ਵਿਕਾਸ ਸੰਬੰਧੀ ਸ਼ਮਤਾ ਵਾਲੇ ਲੋਕਾਂ ਲਈ ਸੰਸਥਾ।

ਜੇਕਰ ਤੁਸੀ ਕਿਸੇ ਸੁਵਿਧਾ ਦੇ ਵਾਸੀ ਹੋ, ਅਤੇ ਤੁਸੀਂ ਸਮਝਦੇ ਹੋ ਕਿ ਤੁਹਾਡੇ ਰਾਸ਼ਟਰੀ ਮੂਲ ਦੇ ਆਧਾਰ 'ਤੇ ਇਕ ਨਿਸਚਤ ਢੰਗ ਨਾਲ ਵਿਤਕਰਾ ਕੀਤਾ ਗਿਆ ਹੈ, ਜਾਂ ਵਿਤਕਰੇ ਦਾ ਦਸਤੂਰ ਹੈ, ਤਾਂ ਵਿਸ਼ੇਸ਼ ਮੁਕਦੱਮਾ ਸੈਕਸ਼ਨ ਨਾਲ (202) 514-6255 ਜਾਂ (877) 218-5228 'ਤੇ ਸੰਪਰਕ ਕਰੋ। ਤੁਸੀਂ ਇਸ ਪਤੇ 'ਤੇ ਲਿਖ ਵੀ ਸਕਦੇ ਹੋ :

U.S. Department of Justice
Civil Rights Division
Special Litigation Section, PHB
950 Pennsylvania Avenue, NW
Washington, D.C. 20530

## ਫੈਡਰਲ ਸਹਾਇਤਾ ਪ੍ਰਾਪਤ ਪ੍ਰੋਗਰਾਮ

* *ਇਕ ਸਥਾਨਕ ਸਮਾਜ ਸੇਵਾਵਾਂ ਦੀ ਏਜੰਸੀ, ਕੋਰੀਅਨ ਭਾਸ਼ਾ ਵਿਚ ਸੂਚਨਾ ਜਾਂ ਨੌਕਰੀ ਦੀ ਟ੍ਰੇਨਿੰਗ ਨਹੀਂ ਦਿੰਦੀ, ਹਾਲਾਂਕਿ ਸਥਾਨਕ ਵਸਨੀਕਾਂ ਦਾ ਇਕ ਚੌਥਾਈ ਭਾਗ ਸਿਰਫ਼ ਕੋਰੀਅਨ ਭਾਸ਼ਾ ਬੋਲਦਾ ਹੈ।*

* *ਵੱਡੀ ਲੈਟੀਨੋ ਜਨਸੰਖਿਆ ਵਾਲੇ ਖ਼ੇਤਰ ਦੇ ਇਕ ਹਸਪਤਾਲ ਵਿਚ, ਕਰਮਚਾਰੀ ਕਲੀਨਿਕ ਵਿੱਚ ਆਉਣ ਵਾਲੇ ਮਰੀਜ਼ਾਂ ਦਾ ਮਖੌਲ ਬਣਾਉਂਦੇ ਹਨ, ਉਹਨਾ ਦੀ ਬੋਲੀ ਤੇ ਟਿਪੱਣ. ਕਰਦੇ ਹਨ ਅਤੇ ਕਦੇ ਕਦਾਈਂ ਲੈਟੀਨੋ ਮਰੀਜ਼ਾਂ ਨੂੰ ਸੇਵਾ ਦੇਣ ਵਿੱਚ ਦੇਰ ਵੀ ਕਰਦੇ ਹਨ। ਲੈਟੀਨੋ ਮਰੀਜ਼ਾਂ ਨੂੰ ਕਿਹਾ ਜਾਂਦਾ ਹੈ ਕਿ ਉਹ ਡਾਕਟਰ ਨੂੰ ਮਿਲਣ ਤੋਂ ਪਹਿਲਾਂ ਆਪਣੇ ਅਨੁਵਾਦਕ ਨਾਲ ਲੈ ਕੇ ਆਉਣ।*

ਇਹ ਮਿਸਾਲਾਂ, ਉਨ੍ਹਾਂ ਫ਼ੈਡਰਲ ਕਾਨੂੰਨਾਂ ਦੀਆਂ ਉਲੰਘਣਾਵਾਂ ਹੋ ਸਕਦੀਆਂ ਹਨ, ਜਿਨ੍ਹਾਂ ਹੇਠ ਫ਼ੈਡਰਲ ਫ਼ੰਡ ਪ੍ਰਾਪਤ ਕਾਰਜਕ੍ਰਮਾਂ ਵਾਲਿਆਂ ਵਲੋਂ, ਰਾਸ਼ਟਰੀ ਮੂਲ, ਨਸਲ ਜਾਂ ਰੰਗ ਦੇ ਆਧਾਰ 'ਤੇ ਵਿਤਕਰਾ ਕੀਤੇ ਜਾਣ ਦੀ ਮਨਾਹੀ ਹੈ। ਜੇ ਤੁਸੀਂ ਸਮਝਦੇ ਹੋ, ਕਿ ਤੁਹਾਡੇ ਨਾਲ, ਸਟੇਟ ਜਾਂ ਸਥਾਨਕ ਸਰਕਾਰੀ ਏਜੰਸੀ, ਜਾਂ ਫ਼ੈਡਰਲ ਸਰਕਾਰ ਕੋਲੋਂ ਸਹਾਇਤਾ ਪ੍ਰਾਪਤ ਕਰਨ ਵਾਲੀ ਸੰਸਥਾ ਵਲੋਂ ਵਿਤਕਰਾ ਕੀਤਾ ਗਿਆ ਹੈ, ਤਾਂ ਤੁਸੀਂ ਡਿਵੀਯਨ ਦੇ ਫ਼ੈਡਰਲ ਕੋਆਰਡੀਨੇਸ਼ਨ ਐਂਡ ਕੰਪਲਾਇੰਸ ਸੈਕਸ਼ਨ ਕੋਲ (888) 848-5306 ਜਾਂ (202) 307-2678 (TDD) 'ਤੇ ਸ਼ਿਕਾਇਤ ਕਰ ਸਕਦੇ ਹੋ। ਤੁਸੀਂ ਇਸ ਪਤੇ 'ਤੇ ਲਿਖ ਵੀ ਸਕਦੇ ਹੋ :

U.S. Department of Justice
Civil Rights Division
Federal Coordination and Compliance Section, NWB
950 Pennsylvania Avenue, NW
Washington, D.C. 20530

ਫ਼ੈਡਰਲ ਕੋਆਰਡੀਨੇਸ਼ਨ ਐਂਡ ਕੰਪਲਾਇੰਸ ਸੈਕਸ਼ਨ, ਤੁਹਾਡੀ ਸ਼ਿਕਾਇਤ ਫ਼ੰਡ ਦੇਣ ਵਾਲੀ ਫ਼ੈਡਰਲ ਏਜੰਸੀ ਨੂੰ ਭੇਜੇਗਾ, ਜੋ ਉਸ ਕੋਲੋਂ ਸਹਾਇਤਾ ਲੈਣ ਵਾਲੀਆਂ ਸੰਸਥਾਵਾਂ 'ਤੇ ਲਾਗੂ ਹੁੰਦੀਆ ਵਿਤਕਰਾ ਨਾ ਕਰਨ ਦੀਆਂ ਪਾਬੰਦੀਆਂ ਦੀ ਪਾਲਣਾ ਕਰਾਉਣ ਲਈ ਮੁਖ ਤੌਰ 'ਤੇ ਜ਼ਿਮੇਵਾਰ ਹੈ।

## ਵੋਟਿੰਗ

* *ਇਕ ਪੋਲਿੰਗ ਅਧਿਕਾਰੀ, ਇਕ ਕਾਲੇ ਰੰਗ ਦੇ ਵੋਟਰ ਨੂੰ, ਜਿਸ ਦਾ ਉਚਾਰਣ-ਢੰਗ ਵਿਦੇਸ਼ੀ ਹੈ, ਅਤੇ ਜਿਸ ਦਾ ਆਖ਼ਰੀ ਨਾਂਅ ਓਪਰਾ ਲਗਦਾ ਹੈ, ਅਮਰੀਕਨ ਨਾਗਰਿਕਤਾ ਦਾ ਸਬੂਤ ਵਿਖਾਉਣ ਲਈ ਕਹਿੰਦਾ ਹੈ, ਪਰ ਗੋਰੇ ਵੋਟਰਾਂ ਕੋਲੋਂ ਨਾਗਰਿਕਤਾ ਦਾ ਸਬੂਤ ਨਹੀਂ ਮੰਗਦਾ।*

* *ਸਪੈਨਿਸ਼ ਬੋਲਣ ਵਾਲੇ ਇਕ ਵੱਡੇ ਭਾਈਚਾਰੇ ਦੇ ਵੋਟਰਾਂ ਵਲੋਂ ਬੇਨਤੀਆਂ ਕੀਤੇ ਜਾਣ ਦੇ ਬਾਵਜੂਦ, ਚੋਣ ਅਧਿਕਾਰੀ, ਸਪੈਨਿਸ਼ ਭਾਸ਼ਾ ਵਿਚ ਚੋਣਾ ਸੰਬੰਧੀ ਸਮੱਗਰੀ, ਜਿਨ੍ਹਾਂ ਵਿਚ ਰਜਿਸਟਰੇਸ਼ਨ ਫ਼ਾਰਮ ਅਤੇ ਵੋਟ ਪਰਚੀਆਂ ਦੇ ਨਮੂਨੇ ਸ਼ਾਮਲ ਹਨ, ਦੇਣ ਤੋਂ ਨਾਂਹ ਕਰਦੇ ਹਨ, ਜਾਂ ਸਪੈਨਿਸ਼ ਬੋਲਣ ਵਾਲਿਆਂ ਨੂੰ ਆਪਣੇ ਨਾਲ ਅਨੁਵਾਦਕ ਵੋਟਿੰਗ ਬੂਥ ਵਿਚ ਲਿਆਉਣ ਦੀ ਆਗਿਆ ਨਹੀਂ ਦਿੰਦੇ।*

ਵੋਟਿੰਗ ਸੈਕਸ਼ਨ ਇਨਹਾਂ ਉਧਾਹਰਨਾਂ ਵਿੱਚੋਂ ਚੁੱਕੇ ਗਏ ਮਸਲਿਆ ਨੂੰ ਸਹੀ ਕਰਨ ਲਈ ਕਾਰਵਾਈ ਕਰ ਸਕਦਾ ਹੈ। ਫ਼ੈਡਰਲ ਕਾਨੂੰਨ ਭਿੰਨ ਰੂਪਾ ਵਿੱਚ ਵੋਟਿੰਗ ਵਿਤਕਰੇ ਦੀ ਮਨਾਹੀ ਕਰਦਾ ਹੈ ਜਿਹਨਾਂ ਵਿੱਚ ਵੋਟਰਾਂ ਦੀ ਨਸਲ, ਰੰਗ ਜਾਂ ਹੋਰ ਭਾਸ਼ਾ ਬੋਲਦੇ ਹਨ ਦੇ ਆਧਾਰ ਤੇ ਵੋਟਰਾਂ ਨੂੰ ਧਮਕਾਉਣਾ ਤੇ ਪਰੇਸ਼ਾਨ ਕਰਨਾ ਅਤੇ ਵੋਟ ਨਹੀਂ ਪਾਉਣ ਦੇਣਾ ਸ਼ਾਮਲ ਹੈ। ਇਸ ਤੋਂ ਅਲਾਵਾ ਫ਼ੈਡਰਲ ਕਾਨੂੰਨ ਹੋਰ ਭਾਸ਼ਾ ਚੁਨਾਵੀ ਸਾਮਗ੍ਰੀ ਅਤੇ ਭਾਸ਼ਾਈ ਮਦਦ ਉਪਲਬਧ ਕਰਾਉਣ ਤੇ ਕੁੱਛ ਅਧਿਕਾਰ ਅਪੇਖਿਤ ਕਰਦਾ ਹੈ ਜਿਸ ਤੋਂ ਅੰਗ੍ਰੇਜੀ ਦੀ ਘੱਟ ਜਾਣਕਾਰੀ ਰੱਖਣ ਵਾਲੇ ਵੋਟਰ ਵੀ ਸੌਚ ਸਮਝ ਕੇ ਅਤੇ ਅਸਰਦਾਰ ਤਰੀਕੇ ਤੋਂ ਵੋਟ ਪਾ ਸਕਦੇ ਹਨ। ਇਹ ਕਾਨੂੰਨ ਉਹਨਾਂ ਵੋਟਰਾਂ ਨੂੰ ਜਿਹਨਾਂ ਨੂੰ ਮਤ ਪੱਤਰ ਜਾਂ ਹੋਰ ਚੁਨਾਵੀ ਸਾਮਗ੍ਰੀ ਪੜਨ ਲਈ ਮਦਦ ਦੀ ਲੋੜ ਹੈ ਉਹਨਾਂ ਨੂੰ ਆਪਣੇ ਪੰਸਦ ਦੇ ਵਿਅਕਤੀ ਚੁੰਣਨ ਦਾ ਅਧਿਕਾਰ ਵੀ ਦਿੰਦੇ ਹਨ (ਉਨਹਾਂ ਦੇ ਨਿਯੋਕਤਾ ਜਾਂ ਯੁਨਿਅਨ ਦੇ ਨੁਮਾਇੰਦਾ ਨੂੰ ਛੱਡ ਕੇ)। ਇਸ ਤੋਂ ਅਲਾਵਾ ਫ਼ੈਡਰਲ ਓਬਸਰਵਰ ਜਾਂ ਵੋਟਿੰਗ ਸੈਕਸ਼ਨ ਸਟਾਫ ਵੋਟਿੰਗ ਪ੍ਰਕਿਰਿਆ ਵਿੱਚ ਵਿਤਕਰੇ ਅਤੇ ਭਾਸ਼ਾਈ ਅਲਪਸੰਖਿਅਕ ਐਕਸਸ ਦੀ ਕਮੀ ਬਾਰੇ ਚਿੰਤਾਵਾਂ ਦੇ ਜਵਾਬ ਵਿੱਚ ਚੁਨਾਵੀ ਦਿਨ ਦੇ ਪ੍ਰੋਗਰਾਮ ਦੀ ਨਿਗਰਾਨੀ ਕਰ ਸਕਦੇ ਹਨ। ਸੈਕਸ਼ਨ ਚੁਨਾਵ ਦੇ ਉਹਨਾਂ ਤਰੀਕਿਆ ਨੂੰ ਸੁਧਾਰਨ ਦੀ ਕਾਰਵਾਈ ਵੀ ਕਰ ਸਕਦਾ ਹੈ, ਜਿਵੇਂ ਕਿ ਆਮ ਤੌਰ ਤੇ ਜਾਂ ਜਿਲਾਂ ਯੋਜਨਾ, ਜੋ ਮਜਬੂਤੀ ਨੂੰ ਘਟ ਕਰ ਰਹੀ ਹੈ।

ਜੇ ਤੁਸੀਂ ਸਮਝਦੇ ਹੋ ਕਿ ਵੋਟਿੰਗ ਵਿਚ ਤੁਹਾਡੇ ਨਾਲ ਵਿਤਕਰਾ ਕੀਤਾ ਗਿਆ ਹੈ, ਜਾਂ ਵੋਟ ਪਾਉਣ ਵਿਚ ਮਦਦ ਤੋਂ ਵਿਰਵਾ ਰੱਖਿਆ ਗਿਆ ਹੈ, ਤਾਂ ਤੁਸੀਂ ਡਿਵੀਯਨ ਦੇ ਵੋਟਿੰਗ ਸੈਕਸ਼ਨ ਨਾਲ (800) 253-3931 'ਤੇ ਸੰਪਰਕ ਜਾਂ voting.section@usdoj.gov ਤੇ ਈਮੇਲ ਕਰ ਸਕਦੇ ਹੋ। ਤੁਸੀਂ ਇਸ ਪਤੇ 'ਤੇ ਲਿਖ ਵੀ ਸਕਦੇ ਹੋ :

U.S. Department of Justice
Civil Rights Division
Voting Section, NWB
950 Pennsylvania Avenue, NW
Washington, D.C. 20530

ਜਦੋਂ ਤੁਸੀਂ ਇਸ ਬ੍ਰੋਸ਼ਰ ਵਿਚ ਦਰਜ ਦਫ਼ਤਰਾਂ ਵਿਚੋਂ ਕਿਸੇ ਨੂੰ ਫ਼ੋਨ ਕਰਦੇ ਹੋ, ਤਾਂ ਅਗੋਂ ਜਵਾਬ ਅੰਗਰੇਜ਼ੀ ਵਿਚ ਦਿੱਤਾ ਜਾਏਗਾ। ਜੇ ਤੁਹਾਨੂੰ ਅਨੁਵਾਦਕ ਦੀ ਜ਼ਰੂਰਤ ਹੈ, ਤਾ ਆਪ੍ਰੇਟਰ ਨੂੰ ਆਪਣੀ ਭਾਸ਼ਾ ਦਸੋ। ਆਪ੍ਰੇਟਰ ਤੁਹਾਨੂੰ ਰੁਕਣ ਲਈ ਕਹੇਗਾ, ਅਤੇ ਅਨੁਵਾਦਕ ਲਭਿਆ ਜਾਏਗਾ। ਮਿਹਰਬਾਨੀ ਕਰਕੇ ਫ਼ੋਨ ਬੰਦ ਨਾ ਕਰੋ। ਭਾਸ਼ਾ ਅਨੁਵਾਦਕ ਸੇਵਾਂ ਰਾਹੀਂ, ਅਸੀਂ ਕੱਾਲ ਕਰਨ ਵਾਲਿਆਂ ਨੂੰ ਸਾਰੀ ਭਾਸ਼ਾਵਾਂ ਵਿੱਚ ਮਦਦ ਦੇਣ ਵਿੱਚ ਸਮਰਥ ਹਨ।

ਨੋਟਃ ਅਸਮਰਥਾ ਵਾਲੇ ਵਿਅਕਤੀਆਂ ਲਈ, ਇਹ ਦਸਤਾਵੇਜ਼ ਵੱਡੇ ਛਪੇ ਅਖਰਾਂ, ਆਡਿਓ ਟੇਪ, ਕੰਪਿਊਟਰ ਡਿਸਕ ਅਤੇ ਬ੍ਰੇਲ ਵਿਚ ਉਪਲਬਧ ਹੈ।

ਤੁਸੀਂ ਬੇਹਿਚਕ ਇਸ ਬ੍ਰੋਸ਼ਰ ਦੀ ਕਾਪੀ ਕਰ ਸਕਦੇ ਹੋ।

ਅਗਸਤ 2010 ਨੂੰ ਜਾਰੀ

# Federal Protections Against National Origin Discrimination

## Punjabi

www.justice.gov/crt




**United States Department of Justice**
Civil Rights Division

950 Pennsylvania Avenue, NW
Washington, D.C. 20530